ਸਤਰੰਜ

ਇੱਕ ਸਰਲ ਅਧਿਐਨ

NEP & CBSE ਦੀ ਗਾਈਡਲਾਈਨ ਅਨੁਸਾਰ

ਛੇਵੀਂ ਜਮਾਤ ਲਈ ਪੰਜਾਬੀ ਪੁਸਤਕ

R-3

ਮਨਵੀਰ ਕੌਰ

B.Ed., PTET, CTET, MA-Punjabi,

ਹਰਜੋਤ ਕੌਰ

MA, B.Ed., PTET, CTET

ਸਪਤਰਿਸ਼ੀ ਪਬਲੀਕੇਸ਼ਨ

ਸਤਰੰਗ

ਇੱਕ ਸਰਲ ਅਧਿਐਨ

According to NEP & CBSE Guidelines

ਛੇਵੀਂ ਜਮਾਤ ਲਈ ਪੰਜਾਬੀ ਪਾਠ-ਪੁਸਤਕ

R-3

Authors :
Manvir Kaur
B.Ed., PTET, CTET, MA-Punjabi,

Harjot Kaur
MA, B.Ed., PTET, CTET

ISBN: 978-93-7407-113-7
Edition: 2026

Saptrishi Publication All Rights Reserved

Published by
Saptrishi Publication
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
Visit us at : www.saptrishipublication.com
94638-36591, 77174-65715

All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher.

Printed at Saptrishi Printer

ਦੋ ਸ਼ਬਦ

ਸਤਲੁਜ ਪੰਜਾਬੀ ਭਾਸ਼ਾ ਦੀ ਆਰ-3 ਪੁਸਤਕ ਹੈ ਜੋ ਛੇਵੀਂ ਜਮਾਤ ਦੇ ਵਿਦਿਆਰਥੀਆਂ ਦੇ ਪਾਠ ਕਰਮ ਅਨੁਸਾਰ ਬਣਾਈ ਗਈ ਸਹਾਇਕ ਪੁਸਤਕ ਹੈ। ਇਸ ਪੁਸਤਕ ਦਾ ਉਦੇਸ਼ ਬੱਚਿਆਂ ਨੂੰ ਪੰਜਾਬੀ, ਸੌਖੇ ਅਤੇ ਸਰਲ ਢੰਗ ਨਾਲ ਸਿਖਾਉਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿਚ ਰੁਚੀ ਪੈਦਾ ਕਰਨਾ ਹੈ, ਤਾਂ ਜੋ ਭਾਸ਼ਾ ਸਿੱਖਣਾ ਉਨ੍ਹਾਂ ਲਈ ਬੋਝ ਨਾ ਬਣੇ, ਸਗੋਂ ਸਿੱਖਣ ਲਈ ਖੁਸ਼ੀ ਦਾ ਸਾਧਨ ਬਣੇ। ਇਸੇ ਲਈ ਪੁਸਤਕ ਨੂੰ ਖੂਬਸੂਰਤ ਤਸਵੀਰਾਂ ਨਾਲ ਸਜਾਇਆ ਗਿਆ ਹੈ। ਇਹ ਵੀ ਧਿਆਨ ਰੱਖਿਆ ਗਿਆ ਹੈ ਕਿ ਇਹ ਤਸਵੀਰਾਂ ਵੀ ਬੱਚਿਆਂ ਨੂੰ ਅਸਾਨੀ ਨਾਲ ਸਮਝ ਆਉਣਯੋਗ ਹੋਣ।

ਬੱਚਿਆਂ ਵਿਚ ਪਾਠ-ਬੋਧ, ਸ਼ਬਦ ਗਿਆਨ, ਵਿਆਕਰਣ, ਲਿਖਣ ਅਤੇ ਸਮਝਣ ਦੀ ਕਲਾ ਦਾ ਵਿਕਾਸ ਕਰਨ ਨੂੰ ਧਿਆਨ 'ਚ ਰੱਖ ਕੇ ਪੁਸਤਕ ਨੂੰ ਤਿਆਰ ਕੀਤਾ ਗਿਆ ਹੈ। ਇਸ ਨਾਲ ਬੱਚਿਆਂ 'ਚ ਜਿੱਥੇ ਪੰਜਾਬੀ ਭਾਸ਼ਾ ਸਿੱਖਣ ਵਿਚ ਵਿਸ਼ੇਸ਼ ਦਿਲਚਸਪੀ ਪੈਦਾ ਹੋਵੇਗੀ, ਉੱਥੇ ਬੱਚਿਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿਚ ਅਥਾਹ ਵਾਧਾ ਹੋਵੇਗਾ। ਇਹ ਪੁਸਤਕ ਸੀ.ਬੀ.ਐਸ.ਈ. ਦੇ ਨਵੇਂ ਸਿਲੇਬਸ ਦੇ ਅਨੁਸਾਰ ਵਿਦਿਆਰਥੀਆਂ ਦੀ ਪ੍ਰੀਖਿਆ ਨੂੰ ਧਿਆਨ 'ਚ ਰੱਖਦਿਆਂ ਵਿਦਿਆਰਥੀਆਂ ਦੇ ਸਿਲੇਬਸ ਅਨੁਸਾਰ ਤਿਆਰ ਕੀਤੀ ਗਈ ਹੈ। ਉਹਨਾਂ ਨੂੰ ਤਸਵੀਰਾਂ ਰਾਹੀਂ ਸਮਝਾਇਆ ਗਿਆ ਹੈ। ਤਸਵੀਰਾਂ ਦੀ ਚੋਣ ਵੀ ਬੱਚਿਆਂ ਦੀ ਸਮਝ ਅਨੁਸਾਰ ਕੀਤੀ ਗਈ ਹੈ ਸਾਡਾ ਵਿਸ਼ਵਾਸ ਹੈ ਕਿ ਇਸ ਪੁਸਤਕ ਨਾਲ ਵਿਦਿਆਰਥੀਆਂ 'ਚ ਜਿੱਥੇ ਪੰਜਾਬੀ ਭਾਸ਼ਾ ਸਿੱਖਣ ਵਿੱਚ ਵਿਸ਼ੇਸ਼ ਦਿਲਚਸਪੀ ਪੈਦਾ ਹੋਵੇਗੀ, ਉੱਥੇ ਉਹ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਪ੍ਰਾਪਤ ਕਰਨ ਦੇ ਯੋਗ ਵੀ ਹੋਣਗੇ। ਸੋ ਇਹ ਪੁਸਤਕ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਵਿੱਚ ਸਹਾਇਕ ਸਿੱਧ ਹੋਵੇਗੀ। ਪੁਸਤਕ ਨੂੰ ਤਿਆਰ ਕਰਦਿਆਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਹਰ ਲੋੜ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਫਿਰ ਵੀ ਜੇ ਕੋਈ ਗਲਤੀ ਰਹਿ ਗਈ ਹੋਵੇ ਸਾਡੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ। ਤੁਹਾਡੇ ਸੁਝਾਵਾਂ ਦਾ ਹਮੇਸ਼ਾ ਸਵਾਗਤ ਰਹੇਗਾ।

ਧੰਨਵਾਦ।

ਮਨਵੀਰ ਕੌਰ

ਹਰਜੋਤ ਕੌਰ

ਪਾਠ-ਸੂਚੀ

ਲੜੀ ਨੰ.	ਪਾਠ	ਪੰਨਾ ਨੰ.
	ਇਕਾਈ - 1 (ਸੁਣਨਾ ਅਤੇ ਬੋਲਣਾ)	
1.	ਪੰਛੀਆਂ ਦੇ ਗੀਤ	05
2.	ਆਓ ਸਿਆਣੇ ਬਣੀਏ	06
3.	ਦਿਵਾਲੀ ਦਾ ਤਿਉਹਾਰ	08
4.	ਵਿਸਾਖੀ	09
5.	ਤ੍ਰਿੰਞਣ	10
	ਇਕਾਈ - 2 (ਮੁੱਢਲੀ ਜਾਣਕਾਰੀ)	
6.	ਗੁਰਮੁਖੀ ਵਰਣਮਾਲਾ	11
7.	ਲਗਾਂ ਅਤੇ ਲਗਾਖਰ	27
8.	ਦੁੱਤ ਅੱਖਰ	62
	ਇਕਾਈ - 3 (ਆਓ ਪੰਜਾਬੀ ਵਿੱਚ ਜਾਣੀਏ ਤੇ ਸਿੱਖੀਏ)	
9.	ਗਿਣਤੀ ਦੀ ਰੇਲਗੱਡੀ	68
10.	ਹਫ਼ਤੇ ਦੇ ਦਿਨ	74
11.	ਮਹੀਨਿਆਂ ਦੇ ਨਾਂ	76
12.	ਰੰਗਾਂ ਦੇ ਨਾਂ	79
13.	ਫਲਾਂ ਦੇ ਨਾਂ	82
14.	ਸਬਜ਼ੀਆਂ ਦੇ ਨਾਂ	84
15.	ਸਰੀਰ ਦੇ ਅੰਗ	86
16.	ਸਾਡੇ ਰਿਸ਼ਤੇ	89
	ਇਕਾਈ - 3 ਸਾਹਿਤ ਰੂਪ)	
17.	ਤਿੰਨ ਦੋਸਤ	92
18.	ਹਾਏ ਗਰਮੀ	95
19.	ਛੱਤਬੀੜ ਚਿੜੀਆ ਘਰ ਦੀ ਸੈਰ	101
20	ਗਰਮੀਆਂ ਦੀਆਂ ਛੁੱਟੀਆਂ	104



ਪਾਠ-1

ਪੰਛੀਆਂ ਦੇ ਗੀਤ





ਪੰਛੀ ਮੈਨੂੰ ਗੀਤ ਸੁਣਾ


ਚਿੜੀਏ ਚਿੜੀਏ
ਚੀਂ ਚੀਂ ਗਾ,
ਕਾਵਾਂ ਕਾਵਾਂ
ਢੋਲ ਵਜਾ।
ਕੋਇਲੇ ਮਿੱਠਾ
ਗੀਤ ਸੁਣਾ,
ਮੋਰ ਪਿਆਰੇ
ਪੈਲਾਂ ਪਾ।
ਘੁੱਗੀਏ
ਘੁੰਗੂੰ-ਘੁੰਗੂੰ-ਗਾ,
ਉੱਡੀਂ ਕਬੂਤਰ
ਅੰਬਰੀਂ ਜਾ।
ਗੰਗਾ-ਰਾਮ
ਚੂਰੀ ਖਾ,
ਚੂਰੀ ਖਾ ਕੇ
ਨਕਲਾਂ ਲਾਹ।





ਚਿੜੀ

ਆ ਨੀਂ ਨਿੱਕੀਏ
ਚਿੜੀਏ ਆ,
ਮੈਨੂੰ ਆਪਦਾ
ਗੀਤ ਸੁਣਾ
ਕੁਲ਼ੇ ਕੁਲ਼ੇ
ਤੇਰੇ ਖੰਭ,
ਕਿੰਨੇ ਸੋਹਣੇ
ਲੱਗਣ ਰੰਗ।
ਸਾਡੇ ਵਿਹੜੇ
ਰੌਣਕ ਲਾਵੇਂ,
ਨਿੱਤ ਦਿਹਾੜੇ
ਗੀਤ ਸੁਣਾਵੇਂ।
ਆ ਮੈਂ ਤੈਨੂੰ
ਚੋਗਾ ਪਾਵਾਂ,
ਦਾਣੇ ਪਾ ਕੇ
ਖੁਸ਼ੀ ਮਨਾਵਾਂ।
ਤੇਰੀ ਨਿੱਕੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।
ਚੰਗੀ ਲੱਗੇ
ਚੀਂ-ਚੀਂ ਤੇਰੀ,
ਠਹਿਰੀਂ ਠਹਿਰੀਂ
ਸੁਣ ਗੱਲ ਮੇਰੀ।





ਚਿੜੀ ਸਭ ਤੋਂ ਵੱਧ ਜਾਣਿਆ-ਪਛਾਣਿਆ ਪੰਛੀ ਹੈ ਜੋ ਹਰ ਥਾਂ ਮਿਲਦਾ ਹੈ। ਕੁੱਪ, ਖੇਤ ਤੇ ਘਰ ਇਸ ਦੇ ਟਿਕਾਣੇ ਹਨ। ਇਸ ਦੀ ਮੁੱਖ ਖੁਰਾਕ ਦਾਣੇ ਜਾਂ ਬੀਜ ਹਨ। ਚਿੜੀ ਘਾਹ-ਫੂਸ ਦੀਆਂ ਤਿੜਾਂ ਵਾਲੇ ਨਿੱਕੇ ਜਿਹੇ ਆਲ੍ਹਣੇ 'ਚ ਤਿੰਨ ਤੋਂ ਪੰਜ ਤੱਕ ਅੰਡੇ ਦਿੰਦੀ ਹੈ।

ਅਧਿਆਪਕ ਲਈ

ਅਧਿਆਪਕ ਬੱਚਿਆਂ ਨੂੰ ਇਹ ਕਵਿਤਾ ਗਾ ਕੇ/ਉਚਾਰ ਕੇ ਸੁਣਾਏਗਾ ਅਤੇ ਵਿਦਿਆਰਥੀਆਂ ਨੂੰ ਵੱਖ-ਵੱਖ ਪੰਛੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਨੂੰ ਕਹੇਗਾ।